ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030413
Available online at: www.armaan.org.in
DOI: https://doi.org/10.64119/armaan.vol.3.issue4.13

# ਰਾਜਸੀ ਅਵਚੇਤਨ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਦਾ ਸਿਰਜਣਾਤਮਕ ਪਰਿਪੇਖ

## Rajsi Avchetan Ate Lal Singh Dil Di Kavita Da Sirjnatmak Pripekh

**ਡਾ. ਗੁਰਦੀਪ ਸਿੰਘ (Dr. Gurdeep Singh)**
**ਅਸਿਸਟੈਂਟ ਪ੍ਰੋਫ਼ੈਸਰ (Assistant Professor)**
**ਐਮਿਟੀ ਯੂਨੀਵਰਸਿਟੀ, ਪੰਜਾਬ**
**Email ID:** gurdeepams@gmail.com **ਮੋਬਾਈਲ:** +91-9041993986

*ਸਾਰ (Abstract)*

*ਇਸ ਖੋਜ-ਪੱਤਰ ਵਿਚ ਕਵਿਤਾ ਦੇ ਰਚਨਾਤਮਕ ਸਰੂਪ ਅਤੇ 'ਰਾਜਸੀ ਅਵਚੇਤਨ' ਦੇ ਸੰਕਲਪ ਦਾ ਵਿਸ਼ਲੇਸ਼ਣ ਲਾਲ ਸਿੰਘ ਦਿਲ ਦੀ ਕਵਿਤਾ ਦੇ ਸੰਦਰਭ ਵਿਚ ਕੀਤਾ ਗਿਆ ਹੈ। ਕਵਿਤਾ ਸਿਰਫ਼ ਭਾਸ਼ਾਈ ਅਭਿਵਿਕਤੀ ਨਹੀਂ, ਸਗੋਂ ਕਲਾ ਰਾਹੀਂ ਸਮਾਜਕ ਤੇ ਇਤਿਹਾਸਕ ਸੱਚਾਈ ਦਾ ਪ੍ਰਤੀਬਿੰਬ ਹੁੰਦੀ ਹੈ। ਫਰੈਡਰਿਕ ਜੇਮਸਨ ਦੇ 'ਰਾਜਸੀ ਅਵਚੇਤਨ' ਦੇ ਸਿਧਾਂਤ ਅਨੁਸਾਰ ਹਰ ਕਲਾ-ਰਚਨਾ ਵਿਚ ਦੱਬੀ ਹੋਈ ਇਤਿਹਾਸਕ ਤੇ ਜਮਾਤੀ ਭਿੰਨਤਾ ਦੀ ਛਾਪ ਮੌਜੂਦ ਰਹਿੰਦੀ ਹੈ। ਇਸ ਪ੍ਰਸੰਗ ਵਿਚ ਲਾਲ ਸਿੰਘ ਦਿਲ ਦੀ ਕਵਿਤਾ ਦੋਹਰੇ ਪੱਧਰ 'ਤੇ ਰਾਜਸੀ ਅਵਚੇਤਨ ਨੂੰ ਪੇਸ਼ ਕਰਦੀ ਹੈ- ਪਹਿਲਾ- ਵਰਣ ਵਿਵਸਥਾ ਅਤੇ ਜਾਤੀ ਅਸਮਾਨਤਾ ਦਾ ਵਿਰੋਧ, ਦੂਜਾ- ਪੂੰਜੀਵਾਦੀ ਵਿਵਸਥਾ ਹੇਠ ਦਲਿਤ ਤੇ ਕਿਰਤੀ ਵਰਗਾਂ ਦੇ ਸ਼ੋਸ਼ਣ ਦਾ ਪ੍ਰਤੀਰੋਧ। ਉਸ ਦੀ ਕਵਿਤਾ ਵਿਚ ਦਲਿਤ ਜੀਵਨ ਦੀ ਪੀੜ੍ਹਾ, ਸਮਾਜਕ ਵਿਛੋੜਾ, ਭੁੱਖ ਤੇ ਬੇਘਰੇਪਨ ਦੇ ਚਿੱਤਰ ਰਾਹੀਂ ਇੱਕ ਵੱਡੀ ਸਮਾਜਕ ਤੇ ਮਨੁੱਖੀ ਚੇਤਨਾ ਉੱਭਰਦੀ ਹੈ। ਦਿਲ ਦੀ ਕਵਿਤਾ ਵਿਚ ਭਾਸ਼ਾ ਸਿਰਫ਼ ਅਭਿਵਿਕਤੀ ਦਾ ਸਾਧਨ ਨਹੀਂ ਰਹਿੰਦੀ, ਸਗੋਂ ਸੱਤਾ ਨਾਲ ਟਕਰਾਅ ਦਾ ਮੈਦਾਨ ਬਣ ਜਾਂਦੀ ਹੈ। ਉਹ ਜਾਤ-ਜਮਾਤ ਅਧਾਰਿਤ ਅਨਿਆਇਕ ਵਿਵਸਥਾ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ ਅਤੇ ਦੱਬੇ ਹੋਏ ਵਰਗਾਂ ਦੀ ਮਨੁੱਖਤਾ ਨੂੰ ਕਵਿਤਾ ਰਾਹੀਂ ਸਨਮਾਨ ਦਿੰਦਾ ਹੈ। ਇਸ ਤਰ੍ਹਾਂ, ਲਾਲ ਸਿੰਘ ਦਿਲ ਦੀ ਕਵਿਤਾ ਜੇਮਸਨ ਦੇ ਰਾਜਸੀ ਅਵਚੇਤਨ ਦੇ ਸੰਕਲਪ ਨੂੰ ਪੰਜਾਬੀ ਸਾਹਿਤ ਵਿਚ ਅਰਥਪੂਰਨ ਢੰਗ ਨਾਲ ਪੇਸ਼ ਕਰਦੀ ਹੈ। ਉਸ ਦੀ ਰਚਨਾ ਦਲਿਤ ਤੇ ਮਜ਼ਦੂਰ ਵਰਗ ਦੀ ਇਤਿਹਾਸਕ ਸੰਵੇਦਨਾ, ਸੰਘਰਸ਼ ਅਤੇ ਵਿਦਰੋਹ ਦੀ ਚੇਤਨਾ ਅਜਿਹੀ ਜੀਵੰਤ ਪੇਸ਼ਕਾਰੀ ਹੈ, ਜੋ ਕਲਾ ਰਾਹੀਂ ਸਮਾਜਕ ਬਦਲਾਅ ਅਤੇ ਮਨੁੱਖੀ ਮੁਕਤੀ ਦੀ ਸੰਭਾਵਨਾ ਨੂੰ ਜਗਾਉਂਦੀ ਹੈ।*

**ਕੀਵਰਡ (Keyword):** *ਲਾਲ ਸਿੰਘ ਦਿਲ, ਰਾਜਸੀ ਅਵਚੇਤਨ, ਦਲਿਤ ਚੇਤਨਾ, ਪੂੰਜੀਵਾਦ, ਸਮਾਜਕ ਚੇਤਨਾ, ਮਨੁੱਖੀ ਮੁਕਤੀ, ਰਾਜਨੀਤੀ, ਸ਼ੋਸ਼ਣ, ਵਿਰੋਧ।*

ਕਵਿਤਾ ਸਿਰਫ਼ ਭਾਸ਼ਾ ਦਾ ਪ੍ਰਯੋਗ ਨਹੀਂ ਹੁੰਦੀ, ਸਗੋਂ ਭਾਸ਼ਾ ਦਾ ਕਲਾਤਮਕ ਰੂਪ- ਕਲਾਬਿੰਬ ਹੁੰਦਾ ਹੈ। ਕਵਿਤਾ ਵਿਚ ਲੇਖਕ ਆਪਣੀਆਂ ਸੰਵੇਦਨਸ਼ੀਲ ਭਾਵਨਾਵਾਂ ਨੂੰ ਕਲਾਤਮਕ ਰੂਪ ਵਿਚ ਪ੍ਰਗਟ ਕਰਦਾ ਹੈ, ਜਿਸ ਰਾਹੀਂ ਉਹ ਜੀਵੰਤ ਅਰਥ ਪੈਦਾ ਕਰਦੀ ਹੈ। ਇਸ ਵਿਚ ਆਮ ਬੋਲਚਾਲ ਦੀ ਭਾਸ਼ਾ ਤੋਂ ਵੱਖਰੀ, ਸੁਹਜਾਤਮਕ ਤੇ ਅਰਥਪੂਰਨ ਭਾਸ਼ਾ ਵਰਤੀ ਜਾਂਦੀ ਹੈ। ਕਵਿਤਾ ਜਾਂ ਸਾਹਿਤ ਦਾ ਉਦੇਸ਼ ਸਿੱਧਾ ਪ੍ਰਚਾਰ ਕਰਨਾ ਨਹੀਂ ਹੁੰਦਾ ਸਗੋਂ ਵਿਚਾਰਾਂ ਜਾਂ ਉਪਦੇਸ਼ ਦੀ ਧੁਨੀ ਨੂੰ ਅਪਰੋਖ ਰੂਪ ਵਿਚ ਪ੍ਰਗਟ ਕਰਨਾ ਹੁੰਦਾ ਹੈ। ਇਸ ਤੋਂ ਇਲਾਵਾ ਕਵਿਤਾ ਵਿਚਲੇ ਬਿੰਬਾਂ, ਪ੍ਰਤੀਕਾਂ ਅਤੇ ਭਾਸ਼ਾਈ ਰਚਨਾਵਾਂ ਵਿਚੋਂ ਅਵਚੇਤਨ ਧੁਨੀ ਪ੍ਰਗਟ ਹੁੰਦੀ ਹੈ- ਜਿਸ ਰਾਹੀਂ ਸਮਾਜਕ, ਰਾਜਨੀਤਿਕ ਅਤੇ ਮਨੁੱਖੀ ਚੇਤਨਾ ਦੇ ਅੰਦਰਲੇ ਸੰਕੇਤ ਸਾਹਮਣੇ ਆਉਂਦੇ ਹਨ। ਰਚਨਾ ਦੇ ਪਿੱਛੇ ਉਹ ਸਮਾਜਕ ਤੇ ਮਨੋਵਿਗਿਆਨਕ ਸਥਿਤੀਆਂ ਕੰਮ ਕਰਦੀਆਂ ਹਨ ਜੋ ਕਵੀ ਦੇ ਅਵਚੇਤਨ ਨੂੰ ਰਚਦੀਆਂ ਹਨ। ਇਹ ਅਵਚੇਤਨ ਹੌਲੀ-ਹੌਲੀ ਕਵੀ ਦੀ ਵਿਚਾਰਧਾਰਾ ਦਾ ਹਿੱਸਾ ਬਣ ਜਾਂਦਾ ਹੈ ਅਤੇ ਉਸ ਦੀ ਰਚਨਾ ਵਿਚ ਪ੍ਰਗਟ ਹੁੰਦਾ ਹੈ। ਲਾਲ ਸਿੰਘ ਦਿਲ ਦਾ ਰਾਜਸੀ ਅਵਚੇਤਨ ਸਦੀਆਂ ਤੋਂ ਚੱਲਦੇ ਆ ਰਹੇ ਸਮਾਜਕ ਵਿਰੋਧਾਂ- ਜਿਵੇਂ ਦੇਵਤਾ ਤੇ ਰਾਕਸ਼, ਆਰੀਅਨ ਤੇ ਦਰਾਵੜ, ਬ੍ਰਾਹਮਣ ਤੇ ਸ਼ੂਦਰ, ਉੱਚ ਤੇ ਨੀਚ- ਦੇ ਪ੍ਰਚਾਰਤ ਪ੍ਰਵਚਨਾਂ ਦੇ ਵਿਰੋਧ ਵਿਚ ਉਭਰਦਾ ਹੈ। ਇਹ ਵਿਰੋਧ ਉਸ ਦੀ ਕਵਿਤਾ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਝਲਕਦਾ ਹੈ। ਸਾਹਿਤਕ ਰਚਨਾ ਦੀ ਘਾੜਤ ਪ੍ਰਤੀ ਤਸਕੀਨ ਦੇ ਵਿਚਾਰ ਧਿਆਨ ਦੇਣਯੋਗ ਹਨ:

> *ਕਵਿਤਾ ਨੂੰ ਕਿਸੇ ਵਿਸ਼ੇਸ਼ ਜਾਤ, ਧਰਮ, ਇਲਾਕੇ ਦੇ ਹਿੱਤਾਂ ਤੋਂ ਪਰਖਣ ਅਤੇ ਉਸ ਦੀ ਚੜ੍ਹਤ ਨੂੰ ਆਪਣੇ ਜਾਤੀ ਹਿੱਤ ਵਿਚ ਵਾਚਣ ਨਾਲੋਂ ਕਵਿਤਾ ਨੂੰ ਕਵਿਤਾ ਦੇ ਹਿੱਤ ਤੋਂ ਵਾਚਣ ਦੀ ਜ਼ਰੂਰਤ ਹੁੰਦੀ ਹੈ। ਉਹ (ਕਵਿਤਾ) ਆਪਣੇ ਅੰਦਰ ਕਿਸੇ ਹਿੱਤ ਦੇ ਸਰੋਕਾਰਾਂ ਦੀ ਆਵਾਜ਼ ਕਦੋਂ ਬਣ ਜਾਂਦੀ ਹੈ, ਬਾਰੇ ਕਵੀ ਨੂੰ ਵੱਧ ਚਿੰਤਤ ਅਤੇ ਚੇਤੰਨ ਹੋਣਾ ਚਾਹੀਦਾ ਹੈ, ਕਿਉਂਕਿ ਰਚਨਾ ਦੇ ਉਗਮਣ ਸਮੇਂ ਉਸ ਦਾ ਰਚੇਤਾ ਅਚੇਤ ਅਤੇ ਸੁਚੇਤ ਦੇ ਦਵੰਦ ਵਿਚੋਂ ਉਸ ਦੀ ਤਲਾਸ਼ ਕਰਦਾ ਹੈ। ਰਚੇਤਾ ਭਾਵੇਂਕਿ ਸੁਚੇਤ ਪੱਧਰ 'ਤੇ ਰਚਨਾ ਨੂੰ ਘੜਨ ਦਾ ਯਤਨ ਕਰਦਾ ਹੈ ਪਰੰਤੂ ਸਦੀਆਂ ਤੋਂ ਉਸ ਅੰਦਰ ਵਿਚਰਦੀਆਂ ਮਾਨਸਿਕ ਗ੍ਰੰਥੀਆਂ ਵਿਚ "ਮਰੀਆਂ ਪੀੜ੍ਹੀਆਂ ਦੇ" ਵਿਚਾਰ ਵੀ ਅਵਚੇਤਨ ਰਾਹੀਂ ਰਚਨਾ ਵਿਚ ਸ਼ਾਮਲ ਹੁੰਦੇ ਹਨ।[1]*

ਇਸ ਧਾਰਨਾ ਨੂੰ ਫਰੈਡਰਿਕ ਜੇਮਸਨ ਨੇ 'ਰਾਜਸੀ ਅਵਚੇਤਨ' ਦਾ ਨਾਮ ਦਿੱਤਾ। ਫਰੈਡਰਿਕ ਜੇਮਸਨ ਇੱਕ ਨਵ-ਮਾਰਕਸਵਾਦੀ ਆਲੋਚਕ ਹੈ। ਜੇਮਸਨ ਨੇ 'ਅਵਚੇਤਨ' ਨੂੰ ਫਰਾਇਡ ਅਤੇ ਯੁੰਗ ਦੀਆਂ ਅਵਚੇਤਨ ਸੰਬੰਧੀ ਧਾਰਨਾਵਾਂ ਤੋਂ ਅੱਗੇ ਜਾ ਕੇ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ। ਉਸ ਅਨੁਸਾਰ, ਰਾਜਸੀ

 Received: 10Nov. 2025 Accepted: 30 Nov. 2025 Published: 05 Dec. 2025

ਅਵਚੇਤਨ ਸਿਰਫ਼ ਰਾਜਨੀਤਿਕ ਕਿਰਤ ਵਿਚ ਹੀ ਨਹੀਂ ਹੁੰਦਾ, ਸਗੋਂ ਮਨੁੱਖ ਰਚਿਤ ਹਰ ਸਮਾਜਕ ਅਤੇ ਸਭਿਆਚਾਰਕ ਕਲਾ ਦੇ ਰੂਪ ਵਿਚ ਮੌਜੂਦ ਹੁੰਦਾ ਹੈ। ਜੇਮਸਨ ਦੀ ਪ੍ਰਸਿੱਧ ਕਿਤਾਬ *The Political Unconscious* ਵਿਚ ਇਸ ਸੰਕਲਪ ਦਾ ਵਿਸਤ੍ਰਿਤ ਜ਼ਿਕਰ ਮਿਲਦਾ ਹੈ। ਜੇਮਸਨ ਦੇ ਮਤ ਅਨੁਸਾਰ ਰਾਜਸੀ ਅਵਚੇਤਨ ਉਹ ਇਤਿਹਾਸਕ ਯਥਾਰਥ ਹੈ ਜੋ ਕਿਸੇ ਰਚਨਾ ਦੀ ਅੰਦਰੂਨੀ ਸੰਰਚਨਾ ਵਿਚ ਵਿਚਾਰਧਾਰਕ ਪ੍ਰਬੰਧਾਂ ਰਾਹੀਂ ਪ੍ਰਗਟ ਹੁੰਦਾ ਹੈ। ਇਹ ਅਵਚੇਤਨ ਸਭਿਆਚਾਰਕ ਪਾਠਾਂ ਦਾ ਪ੍ਰੇਰਨਾ ਸਰੋਤ ਹੁੰਦਾ ਹੈ ਅਤੇ ਆਪਣੇ ਆਪ ਨੂੰ ਇਨ੍ਹਾਂ ਪਾਠ ਪ੍ਰਬੰਧਾਂ ਰਾਹੀਂ ਹੀ ਦਰਸਾਉਂਦਾ ਹੈ। ਮਾਰਕਸ ਅਤੇ ਏਂਗਲਜ਼ ਦੇ ਹਵਾਲੇ ਨਾਲ ਜੇਮਸਨ ਕਹਿੰਦਾ ਹੈ ਕਿ

> *"ਸਾਰੇ ਸਮਾਜ ਦਾ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਆਜ਼ਾਦ ਤੇ ਗੁਲਾਮ, ਅਮੀਰ ਤੇ ਗਰੀਬ, ਮਾਲਕ ਤੇ ਮਜ਼ਦੂਰ- ਇਹ ਸਾਰੇ ਵਰਗ ਇੱਕ ਦੂਜੇ ਦੇ ਵਿਰੋਧ ਵਿਚ ਖੜ੍ਹੇ ਹਨ।"*[2]

ਜੇਮਸਨ ਦਾ ਕਹਿਣਾ ਹੈ ਕਿ ਕਿਸੇ ਵੀ ਬਿਰਤਾਂਤਕ ਰਚਨਾ ਵਿਚੋਂ ਦੱਬੀ ਹੋਈ ਇਤਿਹਾਸਕ ਅਸਲੀਅਤ ਨੂੰ ਖੋਜਣਾ ਹੀ 'ਰਾਜਸੀ ਅਵਚੇਤਨ' ਦੇ ਸੰਕਲਪ ਦਾ ਮੂਲ ਉਦੇਸ਼ ਹੈ। ਇਸ ਪ੍ਰਕਿਰਿਆ ਰਾਹੀਂ ਕਲਾ ਅਤੇ ਸਾਹਿਤ ਵਿਚ ਲੁਕਿਆ ਹੋਇਆ ਇਤਿਹਾਸਕ ਤੇ ਸਮਾਜਕ ਸੱਚ ਸਾਹਮਣੇ ਆਉਂਦਾ ਹੈ। ਜੇਮਸਨ ਦੇ *"ਰਾਜਸੀ ਅਵਚੇਤਨ"* ਦੇ ਸੰਕਲਪ ਦੀ ਰੋਸ਼ਨੀ ਵਿਚ ਜਦੋਂ ਅਸੀਂ ਲਾਲ ਸਿੰਘ ਦਿਲ ਦੀ ਰਚਨਾ ਦਾ ਪਾਠ ਕਰਦੇ ਹਾਂ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਦੀ ਕਵਿਤਾ ਦੋ ਪੱਧਰਾਂ 'ਤੇ ਰਾਜਸੀ ਅਵਚੇਤਨ ਨੂੰ ਪ੍ਰਗਟ ਕਰਦੀ ਹੈ। ਪਹਿਲਾ ਪੱਧਰ ਭਾਰਤੀ ਸੰਸਕ੍ਰਿਤੀ ਵਿਚ ਮੌਜੂਦ 'ਵਰਣ ਵਿਵਸਥਾ' ਹੈ, ਜਿਸ ਨੇ ਸਮਾਜਕ ਭੇਦਭਾਵ ਤੇ ਅਸਮਾਨਤਾ ਨੂੰ ਜਨਮ ਦਿੱਤਾ। ਦੂਜਾ ਪੱਧਰ 'ਆਜ਼ਾਦੀ ਉਪਰੰਤ ਭਾਰਤ ਦੀ ਅਰਥਵਿਵਸਥਾ ਵਿਚ ਪੂੰਜੀਵਾਦੀ ਤਾਕਤਾਂ ਦੇ ਵੱਧਦੇ ਕਬਜ਼ੇ' ਨਾਲ ਜੁੜਿਆ ਹੈ।

ਲਾਲ ਸਿੰਘ ਦਿਲ ਦੀ ਰਚਨਾ ਨੂੰ ਉਸ ਦੀ ਜਾਤੀਕ ਪਛਾਣ ਅਤੇ ਵਰਗੀ ਪਿਠਭੂਮੀ ਤੋਂ ਵੱਖ ਕਰਕੇ ਨਹੀਂ ਪੜ੍ਹਿਆ ਜਾ ਸਕਦਾ। ਉਸ ਦੀ ਕਵਿਤਾ ਵਿਚ ਉਹ ਦਲਿਤ ਚੇਤਨਾ ਹੈ ਜੋ ਵਰਣ ਵਿਵਸਥਾ ਦੇ ਹਜ਼ਾਰਾਂ ਸਾਲਾਂ ਦੇ ਸ਼ੋਸ਼ਣ ਦੇ ਵਿਰੋਧ ਵਿਚ ਉੱਭਰਦੀ ਹੈ। ਉਸ ਦੇ ਅੰਦਰ ਜੰਮੀ ਇਹ ਚੇਤਨਾ ਹੀ ਉਸ ਦੇ ਅਵਚੇਤਨ ਦਾ ਰਾਜਸੀ ਆਧਾਰ ਬਣਦੀ ਹੈ। ਆਜ਼ਾਦੀ ਤੋਂ ਬਾਅਦ ਜਦੋਂ ਦੇਸ਼ ਨੂੰ ਬ੍ਰਿਟਿਸ਼ ਸ਼ਾਸਨ ਤੋਂ ਮੁਕਤੀ ਮਿਲੀ, ਤਦ ਲੋਕਾਂ ਨੇ ਉਮੀਦ ਕੀਤੀ ਕਿ ਨਵੀਂ ਸਰਕਾਰ ਉਹਨਾਂ ਦੇ ਸੁਪਨੇ ਪੂਰੇ ਕਰੇਗੀ ਪਰ ਦੇਸੀ ਸਰਕਾਰਾਂ ਨੇ ਵੀ ਜਨਤਾ ਦੇ ਹਿੱਤਾਂ ਦੀ ਥਾਂ ਪੂੰਜੀਵਾਦੀ ਹਿੱਤਾਂ ਦੀ ਹੀ ਰੱਖਿਆ ਕੀਤੀ। ਇਸ ਨਾਲ ਸਮਾਜ ਵਿਚ ਅਸੰਤੋਸ਼ ਤੇ ਸੰਘਰਸ਼ ਵੱਧਣ ਲੱਗੇ। ਇਸ ਸੰਦਰਭ ਵਿਚ 1967 ਦਾ 'ਨਕਸਲਬਾੜੀ ਅੰਦੋਲਨ' ਇੱਕ ਵੱਡਾ ਮੋੜ ਸੀ। ਇਹ ਅੰਦੋਲਨ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸ਼ੁਰੂ ਹੋਇਆ ਜੋ ਜਾਗੀਰਦਾਰੀ ਅਤੇ ਸਾਮੰਤਵਾਦੀ ਪ੍ਰਥਾ ਦੇ ਖ਼ਾਤਮੇ ਤੇ ਸਮਾਜਵਾਦੀ ਅਰਥਚਾਰੇ ਦੀ ਮੰਗ ਕਰਦਾ ਸੀ।

ਨਵੀਂ ਉਭਰਦੀ ਅਰਥਵਿਵਸਥਾ ਦਾ ਸਭ ਤੋਂ ਵੱਧ ਦੁੱਖ ਦਲਿਤ ਤੇ ਕਿਰਤੀ ਵਰਗਾਂ ਨੂੰ ਸਹਿਣਾ ਪਿਆ। ਪੂੰਜੀਵਾਦੀ ਸਮਾਜ ਵਿਚ ਉੱਚ ਵਰਗ ਨੇ ਹਮੇਸ਼ਾਂ ਨੀਵੇਂ ਵਰਗਾਂ ਦਾ ਸ਼ੋਸ਼ਣ ਕੀਤਾ ਜੋ ਲਾਲ ਸਿੰਘ ਦਿਲ ਦੇ ਅਵਚੇਤਨ ਵਿਚ ਇੱਕ ਸਦਾ ਜਾਗਦੀ ਸੱਚਾਈ ਵਾਂਗ ਦਰਜ ਹੈ। ਲਾਲ ਸਿੰਘ ਦਿਲ ਨੇ ਆਪਣੇ ਕਾਵਿ ਸੰਗ੍ਰਿਹਾਂ- 'ਸਤਲੁਜ ਦੀ ਹਵਾ', 'ਬਹੁਤ ਸਾਰੇ ਸੂਰਜ', 'ਸੱਥਰ', ' ਨਾਗ ਲੋਕ', 'ਅੱਜ ਬਿੱਲਾ ਫਿਰ ਆਇਆ' ਅਤੇ 'ਸੰਦਲੀ ਸੁਰਾਂ' ਰਾਹੀਂ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਚੇਤਨਾ ਦਿੱਤੀ। ਉਸ ਦੀ ਕਵਿਤਾ ਵਿਚ ਦਲਿਤ ਜੀਵਨ ਦੇ ਸੰਘਰਸ਼, ਮਜ਼ਦੂਰ ਵਰਗ ਦੀ ਤਕਲੀਫ਼ ਅਤੇ ਪੂੰਜੀਵਾਦੀ ਸਮਾਜ ਦੇ ਵਿਰੋਧ ਦੀ ਧੁਨੀ ਸਪੱਸ਼ਟ ਤੌਰ 'ਤੇ ਸੁਣਾਈ ਦਿੰਦੀ ਹੈ।

ਨਕਸਲਬਾੜੀ ਅੰਦੋਲਨ ਦੌਰਾਨ ਪੰਜਾਬੀ ਭਾਸ਼ਾ ਵਿਚ ਲਿਖੇ ਗਏ ਸਾਹਿਤ ਨੂੰ ਨਕਸਲਬਾੜੀ ਸਾਹਿਤ, ਜੁਝਾਰਵਾਦੀ ਸਾਹਿਤ ਅਤੇ ਨਵ-ਪ੍ਰਗਤੀਵਾਦੀ ਸਾਹਿਤ ਆਦਿ ਨਾਵਾਂ ਅਧੀਨ ਵਿਚਾਰਿਆਂ ਜਾਂਦਾ ਰਿਹਾ ਹੈ। ਨਵ-ਪ੍ਰਗਤੀਵਾਦੀ ਪੰਜਾਬੀ ਕਵਿਤਾ ਅਧੀਨ ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਮਰਜੀਤ ਚੰਦਰ, ਗੁਰਦੀਪ ਗਰੇਵਾਲ ਤੇ ਦਰਸ਼ਨ ਖਟਕੜ ਆਦਿ ਕਵੀ ਮਹੱਤਵਪੂਰਨ ਥਾਂ ਰੱਖਦੇ ਹਨ। ਇਨ੍ਹਾਂ ਕਵੀਆਂ ਨੇ ਆਪਣੀ ਰਚਨਾ ਵਿਚ ਸਿਰਫ਼ ਆਰਥਿਕ ਸ਼ੋਸ਼ਣ ਦੇ ਖ਼ਿਲਾਫ਼ ਹੀ ਨਹੀਂ ਸਗੋਂ ਸੰਸਕ੍ਰਿਤਕ ਤੇ ਮਨੋਵਿਗਿਆਨਕ ਗੁਲਾਮੀ ਦੇ ਵਿਰੋਧ ਨੂੰ ਵੀ ਵਿਸ਼ੇ ਵਜੋਂ ਅਪਣਾਇਆ ਹੈ।

ਮਾਰਕਸ ਦੇ ਸਿਧਾਂਤਾਂ ਨੇ ਦਲਿਤ ਤੇ ਪੀੜ੍ਹਤ ਵਰਗਾਂ ਵਿਚ ਆਜ਼ਾਦੀ ਦੀ ਨਵੀਂ ਆਸ ਜਗਾਈ ਪਰ ਲਾਲ ਸਿੰਘ ਦਿਲ ਦੀ ਕਵਿਤਾ ਇਹ ਦਰਸਾਉਂਦੀ ਹੈ ਕਿ ਧਰਮ, ਵਿਗਿਆਨ ਜਾਂ ਕੋਈ ਵੀ ਫ਼ਲਸਫ਼ਾ ਉਹਨਾਂ ਦੀ ਹਕੀਕਤ ਨੂੰ ਪੂਰੀ ਤਰ੍ਹਾਂ ਬਦਲ ਨਹੀਂ ਸਕਿਆ। ਇਸ ਸੰਦਰਭ ਵਿਚ ਅਮਰਜੀਤ ਚੰਦਰ ਦੇ ਵਿਚਾਰ ਬਹੁਤ ਮਹੱਤਵਪੂਰਨ ਹਨ, ਕਿਉਂਕਿ ਉਹ ਦਰਸਾਉਂਦੇ ਹਨ ਕਿ ਕਿਵੇਂ ਲਾਲ ਸਿੰਘ ਦਿਲ ਦੀ ਕਵਿਤਾ ਵਿਚ ਸਮਾਜਕ, ਆਰਥਿਕ ਅਤੇ ਮਨੁੱਖੀ ਸੰਘਰਸ਼ਾਂ ਦਾ ਮਿਲਾਪ ਰਾਜਸੀ ਅਵਚੇਤਨ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ:

> *ਲਾਲ ਸਿੰਘ ਦਿਲ ਦੀ ਹੋਣੀ ਸਮਝਣ ਲਈ ਪੰਜਾਬ ਦੀ ਸਭ ਤੋਂ ਵੱਡੀ ਸਮਾਜੀ ਲਾਹਨਤ ਜਾਤਪਾਤ ਦੀ ਤੇ ਲਾਲ ਦੀ ਜ਼ਿੰਦਗੀ ਦੀ ਗੱਲ ਕਰਨੀ ਜ਼ਰੂਰੀ ਹੈ। ਜਾਤਪਾਤ ਦੀ ਬਿਮਾਰੀ ਤਰੱਕੀਪਸੰਦ ਸਿਆਸਤ ਤੇ ਸਾਹਿਤ ਦੀ ਕੋਈ ਚਿੰਤਾ ਹੀ ਨਹੀਂ ਸੀ। ਯੂਰਪੀ ਸਮਾਜ ਦਾ ਵਰਗ ਸੰਘਰਸ਼ ਦਾ ਸੰਬੋਧ ਭਾਰਤੀ ਸਮਾਜ ਦੀ ਇਸ ਸਮਾਜੀ ਲਾਅਨਤ ਨੂੰ ਮੰਨਦਾ ਹੀ ਨਹੀਂ। ਖੱਤਰੀ ਤੇ ਜੱਟ ਗ਼ਲਬੇ ਵਾਲੀ ਤਰੱਕੀ ਪਸੰਦ ਸਿਆਸੀ ਲਹਿਰ ਨੇ ਵਰਗ ਸੰਘਰਸ਼ ਦਾ ਨਾਂ ਲੈ ਕੇ ਫਿਰ ਕੁਹਜਾ ਪੱਖ ਹਮੇਸ਼ਾ ਦਬਾਈ ਰੱਖਿਆ। ਇਹ ਬੰਧੇਜ ਲੇਖਕਾਂ ਨੇ ਵੀ ਆਪਣੇ ਉਤੇ ਲਾਇਆ ਹੋਇਆ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਸਾਂਝੀਵਾਲਤਾ ਦੇ ਨਵੇਂ 'ਵਿਗਿਆਨਕ' ਫ਼ਲਸਫ਼ੇ ਦੇ ਪੈਰੋਕਾਰ ਬਣ ਕੇ ਅਖੌਤੀ ਵੱਡੀਆਂ ਤੇ ਵੱਡੀਆਂ ਟੁੱਕੀਆਂ ਜਾਤਾਂ ਦਾ ਫ਼ਰਕ ਮੁੱਕ ਗਿਆ ਹੈ। ਪਰ ਪੰਜਾਬ ਵਿਚ ਕੋਈ ਵੀ ਧਰਮ ਤੇ ਕੋਈ ਵੀ ਦਰਸ਼ਨ ਇਹ ਲਾਅਨਤ ਖ਼ਤਮ ਨਹੀਂ ਕਰ ਸਕਿਆ।*[3]

ਡਾ. ਗੁਰਇਕਬਾਲ ਸਿੰਘ ਕਾਵਿ ਰਚਨਾ ਦੀ ਸਾਰਥਕਤਾ ਬਾਰੇ ਲਿਖਦੇ ਹਨ:

> *ਕਾਵਿ ਰਚਨਾ ਕਵੀ ਦੇ ਸਮੁੱਚੇ ਸਮਾਜਕ ਅਨੁਭਵ ਦੀ ਸਮੂਹਕ ਅਕਾਂਖਿਆ ਦੇ ਰਚਨਾਤਮਕ ਛਿਣਾਂ ਵਿਚ ਸੁਹਜ-ਤ੍ਰਿਪਤੀ ਦੇ ਹਰਮ 'ਚੋਂ ਨਿਕਲ ਕੇ ਸਮਾਜ ਦੀਆਂ ਦਮਨੀ ਕੀਮਤਾਂ ਨਾਲ ਸੰਘਰਸ਼ ਵਿਚ ਪੈਦਾ ਹੋਈ ਸਮਾਜਕ ਚੇਤਨਾ ਦੇ ਪਰਿਪੇਖ ਵਿਚ ਕਰੂਰ ਪ੍ਰਾਪਤ ਯਥਾਰਥ ਨੂੰ ਸਿਰਜਤ ਭਾਸ਼ਾ ਰਾਹੀਂ ਮੌਲਿਕ ਰੂਪ ਵਿਚ ਅਭਿਵਿਅਕਤ ਕਰਨ ਦੀ ਪ੍ਰਾਪਤੀ ਹੁੰਦੀ ਹੈ।*[4]

ਇਸ ਦਾ ਅਰਥ ਹੈ ਕਿ ਕਵੀ ਦੇ ਅੰਦਰੋਂ ਇਹ ਰਚਨਾ ਉਸ ਵੇਲੇ ਉੱਭਰਦੀ ਹੈ ਜਦੋਂ ਉਹ ਸਮਾਜ ਵਿਚ ਮੌਜੂਦ ਦਮਨੀ ਕੀਮਤਾਂ- ਯਾਨੀ ਦਬਾਅ ਪੈਦਾ ਕਰਨ ਵਾਲੀਆਂ ਪ੍ਰਥਾਵਾਂ, ਅਸਮਾਨਤਾਵਾਂ ਅਤੇ ਸ਼ੋਸ਼ਣਕਾਰੀ ਤਾਕਤਾਂ- ਨਾਲ ਸੰਘਰਸ਼ ਕਰਦਾ ਹੈ। ਇਸ ਸੰਘਰਸ਼ ਤੋਂ ਜੰਮੀ ਸਮਾਜਕ ਚੇਤਨਾ ਕਵੀ ਨੂੰ ਇਕ ਅਜਿਹੇ ਕਰੂਰ ਪਰੰਤੂ ਸੱਚੇ ਯਥਾਰਥ ਨਾਲ ਰੂ-ਬ-ਰੂ ਕਰਦੀ ਹੈ, ਜਿਸ ਨੂੰ ਉਹ ਆਪਣੀ ਸਿਰਜਤ ਭਾਸ਼ਾ ਰਾਹੀਂ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਅਰਥਾਤ ਕਵਿਤਾ ਸਿਰਫ਼ ਸੁੰਦਰਤਾ ਜਾਂ ਭਾਵਨਾ ਦੀ ਅਭਿਵਿਅਕਤੀ ਨਹੀਂ ਹੁੰਦੀ, ਸਗੋਂ ਇਹ ਸਮਾਜਕ ਸੱਚਾਈ ਦੇ ਤੀਖੇ ਅਨੁਭਵ ਦੀ ਕਲਾਤਮਕ ਪ੍ਰਤੀਕ੍ਰਿਆ ਹੁੰਦੀ ਹੈ। ਕਵੀ ਆਪਣੀ ਰਚਨਾ ਰਾਹੀਂ ਸਮਾਜ ਵਿਚ ਚੱਲ ਰਹੇ ਅਨਿਆਇਕ ਤੱਤਾਂ ਦਾ ਵਿਰੋਧ ਕਰਦਾ ਹੈ ਅਤੇ ਉਹਨਾਂ ਦੇ ਖ਼ਿਲਾਫ਼ ਸੁਚੇਤਤਾ ਪੈਦਾ ਕਰਦਾ ਹੈ। ਇਹ ਅਵਚੇਤਨ ਸਭ ਤੋਂ ਪਹਿਲਾਂ ਲਾਲ ਸਿੰਘ ਦਿਲ ਦੀ ਕਵਿਤਾ 'ਸ਼ਾਮ ਦਾ ਰੰਗ' ਵਿਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ ਜਦੋਂ ਉਹ ਲਿਖਦਾ ਹੈ:

*ਛੱਡ ਤੁਰੇ ਹਨ*
*ਇਕ ਹੋਰ ਗ਼ੈਰਾਂ ਦੀ ਜ਼ਮੀਨ*
*ਛੱਜਾਂ ਵਾਲੇ*
*ਜਾ ਰਿਹਾ ਏ ਲੰਮਾ ਲਾਰਾ*
*ਝਿੜਕਾਂ ਦੇ ਭੰਡਾਰ ਲੱਦੀ*
*ਲੰਮੇ ਸਾਇਆਂ ਦੇ ਨਾਲ ਨਾਲ*
*ਗਧਿਆਂ 'ਤੇ ਬੈਠੇ ਨੇ ਜੁਆਕ*
*ਪਿਉਆਂ ਦੇ ਹੱਥਾਂ 'ਚ ਕੁੱਤੇ ਹਨ*
*ਮਾਵਾਂ ਦੀ ਪਿੱਠ ਪਿੱਛੇ*
*ਬੰਨੇ ਪਤੀਲੇ ਹਨ*
*ਪਤੀਲਿਆਂ 'ਚ ਮਾਵਾਂ ਦੇ ਪੁੱਤ ਸੁੱਤੇ ਹਨ*
*ਜਾ ਰਿਹਾ ਹੈ ਲੰਮਾ ਲਾਰਾ*
*ਮੋਢਿਆਂ 'ਤੇ ਚੁੱਕੀ ਕੁੱਲੀਆਂ ਦੇ ਬਾਂਸ*
*ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ?*
*ਇਹ ਜਾ ਰਹੇ ਨੇ ਰੋਕਣ*
*ਕਿਸ ਭਾਰਤ ਦੀ ਜ਼ਮੀਨ*[5]

ਇਨ੍ਹਾਂ ਸਤਰਾਂ ਵਿਚ ਕਵੀ ਦਾ ਰਾਜਸੀ ਅਵਚੇਤਨ ਪੂਰੇ ਰੂਪ ਵਿਚ ਪ੍ਰਗਟ ਹੁੰਦਾ ਹੈ। ਕਵੀ ਦੀ ਨਿਗਾਹ ਭੁੱਖੇ, ਬੇਘਰੇਪਨ ਅਤੇ ਸਮਾਜਕ ਵਿਸਥਾਪਨ ਦੇ ਸੱਚ ਨੂੰ ਚੀਰ ਕੇ ਵੇਖਦੀ ਹੈ। 'ਛੱਡ ਤੁਰੇ ਹਨ ਇਕ ਹੋਰ ਗੈਰਾਂ ਦੀ ਜ਼ਮੀਨ ਛੱਜਾਂ ਵਾਲੇ' ਇਸ ਪੰਕਤੀ ਵਿਚ ਉਸ ਸਮਾਜ ਦਾ ਵਿਯੋਗ ਹੈ ਜਿੱਥੇ ਮਿਹਨਤਕਸ਼ ਆਪਣੇ ਹੀ ਦੇਸ਼ ਵਿਚ ਗ਼ੈਰ ਬਣ ਗਏ ਹਨ। 'ਪਿਉਆਂ ਦੇ ਹੱਥਾਂ 'ਚ ਕੁੱਤੇ ਹਨ, ਮਾਵਾਂ ਦੀ ਪਿੱਠ ਪਿੱਛੇ ਬੰਨੇ ਪਤੀਲੇ ਹਨ'- ਇਹ ਚਿੱਤਰ ਸਿਰਫ਼ ਭੁੱਖ ਜਾਂ ਗਰੀਬੀ ਦਾ ਨਹੀਂ ਸਗੋਂ ਸਮਾਜਕ ਵਿਵਸਥਾ ਦੇ ਨਿਰਦਈ ਪਾਠ ਦਾ ਬੇਨਕਾਬ ਰੂਪ ਹੈ। ਮਾਵਾਂ ਦੇ ਪਤੀਲਿਆਂ ਵਿਚ ਸੁੱਤੇ ਪੁੱਤ ਉਹ ਤਸਵੀਰ ਹੈ ਜਿੱਥੇ ਭੁੱਖ ਅਤੇ ਮੌਤ ਇਕ ਹੋ ਗਏ ਹਨ। ਕਵੀ ਦਾ ਇਹ ਸਵਾਲ- *'ਇਹ ਭੁੱਖਾਂ ਦੇ ਮਾਰੇ ਕੌਣ ਆਰੀਆ ਹਨ?'* ਉਸ ਦੇ ਰਾਜਸੀ ਅਵਚੇਤਨ ਦਾ ਕੇਂਦਰ ਹੈ। ਇਹ ਪ੍ਰਸ਼ਨ ਸਦੀਆਂ ਤੋਂ ਚੱਲਦੇ ਆ ਰਹੇ ਆਰੀਅਨ-ਦਰਾਵੜ, ਉੱਚ-ਨੀਚ ਅਤੇ ਵਰਣ ਵਿਵਸਥਾ ਦੇ ਝੂਠੇ ਆਦਰਸ਼ਾਂ 'ਤੇ ਸਿੱਧਾ ਵਾਰ ਹੈ ਅਤੇ ਉਹਨਾਂ ਲੋਕਾਂ ਦੀ ਬਾਤ ਪਾਉਂਦਾ ਹੈ ਜਿੰਨ੍ਹਾਂ ਨੂੰ ਆਪਣੀ ਹੀ ਮਿੱਟੀ ਤੋਂ ਬੇਦਖ਼ਲ ਕਰ ਦਿੱਤਾ ਗਿਆ। ਇਹ ਜੋ ਗੈਰ ਆਰਿਆਈ ਲੋਕ ਹਨ ਇੰਨ੍ਹਾਂ ਨੂੰ ਆਰੀਆ ਲੋਕਾਂ ਨੇ ਖ਼ਾਨਾਬਦੋਸ਼ੀ ਜੀਵਨ ਜਿਉਣ ਲਈ ਮਜਬੂਰ ਕੀਤਾ। ਇਸ ਦਾ ਜ਼ਿਕਰ ਡਾ. ਮਨਜ਼ੂਰ ਏਜਾਜ਼ ਆਪਣੀ ਕਿਤਾਬ *'ਪੰਜਾਬ ਦਾ ਲੋਕ ਇਤਿਹਾਸ'* ਵਿਚ ਥਾਂ ਪਰ ਥਾਂ ਕਰਦਾ ਹੈ ਕਿ ਇਹ ਗੈਰ-ਆਰਿਆਈ ਜਨਜਾਤੀਆਂ ਹੀ ਇਸ ਧਰਤੀ ਦੇ ਮੂਲ ਵਾਸੀ ਸਨ। ਆਰੀਆ ਆਕਰਮਣਾਂ ਤੋਂ ਬਾਅਦ ਆਪਣੇ ਹੀ ਦੇਸ਼ ਵਿਚ ਬੇ-ਜ਼ਮੀਨ ਅਤੇ ਬੇਘਰ ਬਣ ਗਈਆਂ।

ਹਰਭਜਨ ਸਿੰਘ ਦੇ ਸ਼ਬਦ ਲਾਲ ਸਿੰਘ ਦਿਲ ਦੀ ਕਵਿਤਾ ਵਿਚਲੇ 'ਆਪਣੀ ਧਰਤੀ ਤੋਂ ਵਿਛੋੜੇ ਤੇ ਮਨੁੱਖੀ ਅਸਥਿਰਤਾ ਦੇ ਅਹਿਸਾਸ' ਨੂੰ ਬਹੁਤ ਗਹਿਰਾਈ ਨਾਲ ਦਰਸਾਉਂਦੇ ਹਨ। ਉਹ ਲਾਲ ਸਿੰਘ ਦਿਲ ਦੀ ਕਵਿਤਾ ਬਾਰੇ ਲਿਖਦਾ ਹੈ ਕਿ,

*"ਮੈਨੂੰ ਜਾਪਦਾ ਹੈ ਮੈਂ ਕਿਸੇ 'ਦੂਜੇ ਸਤਾਰੇ' ਦਾ ਬੰਦਾ ਹਾਂ ਤੇ ਪੱਥਰ ਹੋ ਚੁੱਕਾ ਹੈ।"*[6]

ਇਹ ਟਿੱਪਣੀ ਦਿਲ ਦੀ ਕਵਿਤਾ ਦੇ ਅੰਦਰ ਮੌਜੂਦ ਵਿਛੋੜੇ ਦੇ ਅਹਿਸਾਸ ਅਤੇ ਮਨੁੱਖੀ ਅਸੰਵੇਦਨਸ਼ੀਲਤਾ ਦੇ ਵਿਰੋਧ ਨੂੰ ਪ੍ਰਗਟ ਕਰਦੀ ਹੈ। ਦਿਲ ਦੀਆਂ ਕਵਿਤਾਵਾਂ ਪਾਠਕ ਦੇ ਦਿਲ ਤੇ ਦਿਮਾਗ ਦੋਹਾਂ 'ਤੇ ਸਿੱਧਾ ਵਾਰ ਕਰਦੀਆਂ ਹਨ। ਦਿਲ ਲਿਖਦਾ ਹੈ ਕਿ:

*ਇਹ ਗੱਲ ਦੱਸੀ ਜਾਏ*
*ਜੇ ਦੂਜੇ ਸਤਾਰੇ ਦੇ ਲੋਕਾਂ ਨੂੰ*
*ਪੱਥਰ ਹੋ ਜਾਵਣ*
*ਨਾ ਮੁੜ ਉਠਣ*
*ਪਸ਼ੂਆਂ ਨੂੰ ਇਸ ਦਾ ਜੇ ਅਨੁਭਵ ਹੋ ਜਾਏ*
*ਜੰਗਲਾਂ ਨੂੰ ਨੱਸ ਜਾਵਣ*
*ਮਨੁੱਖਤਾਂ ਤੋਂ ਡਰਦੇ ਚੀਖਦੇ*[7]

ਇਨ੍ਹਾਂ ਸਤਰਾਂ ਵਿਚ 'ਦੂਜੇ ਸਤਾਰੇ ਦਾ ਬੰਦਾ' ਉਹ ਵਿਅਕਤੀ ਹੈ ਜੋ ਆਪਣੇ ਹੀ ਸਮਾਜ ਵਿਚ ਪਰਾਇਆ ਬਣ ਗਿਆ ਹੈ- ਜਿਸ ਦੀ ਮਨੁੱਖਤਾ ਜੜ੍ਹ ਹੋ ਚੁੱਕੀ ਹੈ ਅਤੇ ਜੋ ਸੰਵੇਦਨਾ-ਰਹਿਤ ਦੁਨੀਆ ਦੇ ਬੋਝ ਹੇਠ ਪੱਥਰ ਬਣ ਗਿਆ ਹੈ। ਇਹ ਪੱਥਰਪਨ ਸਿਰਫ਼ ਵਿਅਕਤੀਗਤ ਹਾਲਤ ਨਹੀਂ ਸਗੋਂ ਸਮੂਹਕ ਅਨੁਭਵ ਹੈ ਜੋ ਦਮਨਕ੍ਰਿਤ ਵਰਗ ਦੇ ਜੀਵਨ ਵਿਚ ਵੱਸਦਾ ਹੈ।

ਡਾ. ਸਰਬਜੀਤ ਸਿੰਘ ਵੀ ਲਾਲ ਸਿੰਘ ਦਿਲ *ਨੂੰ "ਪੱਥਰਾਈ ਮਨੁੱਖਤਾ ਦਾ ਪ੍ਰਵਕਤਾ"*[8] ਕਹਿੰਦੇ ਹਨ। ਇਹ ਵਿਸ਼ਲੇਸ਼ਣ ਦਿਲ ਦੀ ਕਵਿਤਾ ਦੇ ਉਸ ਮਾਨਸਿਕ ਪੱਖ ਨੂੰ ਉਜਾਗਰ ਕਰਦਾ ਹੈ ਜਿੱਥੇ ਮਨੁੱਖਤਾ ਦੇ ਮੁੱਲ ਸਮਾਜਕ ਅਸਮਾਨਤਾਵਾਂ ਤੇ ਦਬਾਅ ਹੇਠ ਖੋ ਗਏ ਹਨ। ਲਾਲ ਸਿੰਘ ਦਿਲ ਆਪਣੀ ਸਵੈ-ਜੀਵਨੀ 'ਦਾਸਤਾਨ' ਵਿਚ ਹਰੀਸ਼ ਚੰਦਰ ਦੇ ਪ੍ਰਸੰਗ ਰਾਹੀਂ ਇਸ ਦਮਨ ਨੂੰ ਜੀਵੰਤ ਕਰਦਾ ਹੈ। ਉਹ ਦਰਸਾਉਂਦਾ ਹੈ ਕਿ ਜਦੋਂ ਹਰੀਸ਼ ਚੰਦਰ 'ਚੰਡਾਲ' ਘੋਸ਼ਿਤ ਹੋ ਜਾਂਦਾ ਹੈ, ਉਸ ਦੀ ਘਰਵਾਲੀ ਵੀ ਆਪਣੇ ਭਿੱਟੇ ਜਾਣ ਤੋਂ ਡਰਦੀ ਹੈ। ਇਹ ਪ੍ਰਸੰਗ ਸਿਰਫ਼ ਜਾਤੀ ਪ੍ਰਥਾ ਦਾ ਹੀ ਨਹੀਂ ਸਗੋਂ ਸਮਾਜਕ ਬਹਿਸ਼ਕਾਰੀ ਅਤੇ ਮਨੁੱਖੀ ਵਿਛੋੜੇ ਦਾ ਪ੍ਰਤੀਕ ਹੈ। ਰਾਸਧਾਰੀਆਂ ਦੇ ਕਥਨ ਰਾਹੀਂ ਇਹ ਗੱਲ ਹੋਰ ਪੱਕੀ ਹੁੰਦੀ ਹੈ ਕਿ ਦਿਲ ਨੇ ਕਲਾ ਦੇ

ਰਾਹੀਂ ਉਹ ਦਰਦ ਸਿਰਜਿਆ ਹੈ ਜੋ ਉਹਨਾਂ ਲੋਕਾਂ ਦੇ ਜੀਵਨ ਦਾ ਹਿੱਸਾ ਹੈ ਜਿਨ੍ਹਾਂ ਨੂੰ ਸਮਾਜ ਨੇ ਹਾਸ਼ੀਏ ’ਤੇ ਧੱਕ ਦਿੱਤਾ ਹੈ। ਇਸ ਤਰ੍ਹਾਂ ਦਿਲ ਦੀ ਰਚਨਾ ਵਿਚ ਆਪਣੀ ਹੀ ਧਰਤੀ ’ਤੇ ਗੈਰ ਹੋ ਜਾਣ ਦਾ ਬਿਰਤਾਂਤ, ਸਮਾਜਕ ਦੁਰਵਿਵਸਥਾ ਅਤੇ ਮਨੁੱਖੀ ਅਲੱਗਾਵ ਸਪਸ਼ਟ ਰੂਪ ਵਿਚ ਦਿਖਾਈ ਦਿੰਦੇ ਹਨ। ਡਾ. ਸੁਖਦੇਵ ਸਿੰਘ ਦੇ ਅਨੁਸਾਰ:

*ਉਸ ਦੀ ਕਵਿਤਾ ਦਾ ਕੇਂਦਰ ਸਭ ਕੁਝ ਤੋਂ ਵੰਚਿਤ ਕਰ ਦਿੱਤੇ ਗਏ ਉਹ ਦਲਿਤ ਲੋਕ ਹਨ ਜਿਨ੍ਹਾਂ ਨੂੰ ਸੱਤਾ ਦੀ ਸਿਆਸਤ ਅਤੇ ਮਨੂੰਵਾਦੀ ਵਰਣ-ਵਿਵਸਥਾ ਨੇ ਮਨੁੱਖਾਂ ਤੋਂ ‘ਚੰਡਾਲ’ ਬਣਾ ਦਿੱਤਾ ਹੈ।*[9]

ਲਾਲ ਸਿੰਘ ਦਿਲ ਦੀ ਕਾਵਿਕ ਭਾਸ਼ਾ ਸੱਤਾ ਦੇ ਵਿਰੋਧ ਦਾ ਸਾਧਨ ਹੈ। ਉਸ ਦੀ ਕਵਿਤਾ ਵਿਚ ਭਾਸ਼ਾ ਸਿਰਫ਼ ਅਭਿਵਿਕਤੀ ਦਾ ਮਾਧਿਅਮ ਨਹੀਂ ਰਹਿੰਦੀ ਸਗੋਂ ਇਹ ਸਮਾਜ ਵਿਚਲੀ ਸੱਤਾ ਅਤੇ ਵਿਰੋਧ ਦੀ ਵਿਚਾਰਧਾਰਕ ਟਕਰਾਅ ਦਾ ਮੈਦਾਨ ਬਣ ਜਾਂਦੀ ਹੈ। ਭਾਸ਼ਾ ਉਹ ਸਾਧਨ ਹੈ ਜੋ ਇਕ ਪਾਸੇ ਸੱਤਾ-ਧਿਰ ਦੀ ਸੋਚ ਅਤੇ ਉਸ ਦੇ ਸਭਿਆਚਾਰਕ ਦਬਦਬੇ ਦਾ ਪ੍ਰਤੀਕ ਹੈ ਜਦੋਂਕਿ ਦੂਜੇ ਪਾਸੇ, ਇਹੀ ਭਾਸ਼ਾ ਸ਼ੋਸ਼ਿਤ ਧਿਰ ਦੇ ਵਿਰੋਧ ਅਤੇ ਪ੍ਰਤੀਰੋਧ ਦੀ ਅਵਾਜ਼ ਬਣਦੀ ਹੈ। ਦਿਲ ਦੀ ਕਵਿਤਾ ਇਸ ਦੋਹਰੇ ਭਾਸ਼ਾਈ ਪ੍ਰਕਿਰਿਆ ਰਾਹੀਂ ਅਰਥਾਂ ਦੇ ਸਿਰਜਣ ਤੇ ਸੰਚਾਰਣ ਦੀ ਇਕ ਨਵੀਂ ਧਾਰਾ ਰਚਦੀ ਹੈ। ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਕਵੀ ਭਾਸ਼ਾ ਰਾਹੀਂ ਕਿਸੇ ਘੜੇ-ਘੜਾਏ ਜਾਂ ਪਰਪੰਰਾਵਾਦੀ ਅਰਥਾਂ ਨੂੰ ਪੇਸ਼ ਨਹੀਂ ਕਰਦਾ ਸਗੋਂ ਨਵੇਂ ਅਰਥਾਂ ਰਾਹੀਂ ਯਥਾਰਥ ਦੀ ਸਿਰਜਣਾ ਕਰਦਾ ਹੈ:

*ਕਿੰਨੇ ਨੇ ਪਿਆਰੇ ਇਹ ‘ਚੰਡਾਲ ਲੋਕ*
*ਉਹ ਸੁਹਣੇ ਸੁਹਣੇ ਕਾਲੇ ਕਾਲੇ ਲਾਲ ਲੋਕ।*[10]

ਇਹ ਦਰਸਾਉਂਦੀਆਂ ਹਨ ਕਿ ਕਵੀ ਆਪਣੇ ਸ਼ਬਦਾਂ ਰਾਹੀਂ ਉਸ ਵਰਗ ਨੂੰ ਸੁੰਦਰਤਾ ਅਤੇ ਮਨੁੱਖਤਾ ਦਾ ਦਰਜਾ ਦੇ ਰਿਹਾ ਹੈ ਜਿਸ ਨੂੰ ਇਤਿਹਾਸ ਨੇ ਹਮੇਸ਼ਾ ਘਟਾਇਆ ਹੈ। ਲਾਲ ਸਿੰਘ ਦਿਲ ਦੀ ਰਚਨਾ ਵਿਚ ਸਿਰਫ਼ ਰਾਜਸੀ ਅਵਚੇਤਨ ਦੀ ਪ੍ਰਤੀਕ੍ਰਿਤੀ ਹੀ ਨਹੀਂ ਸਗੋਂ ਉਹ ਭਾਰੂ ਵਿਚਾਰਧਾਰਾ ਹੇਠ ਦੱਬੇ ਵਰਗਾਂ ਦੀ ਆਪਣੀ ਵਿਚਾਰਧਾਰਕ ਸੁਰ ਨੂੰ ਉੱਚਾ ਕਰਨ ਦਾ ਕਲਾ-ਕਰਮ ਵੀ ਨਿਭਾਉਂਦਾ ਹੈ। ਡਾ. ਰਵਿੰਦਰ ਦੇ ਅਨੁਸਾਰ :

*ਯਥਾਰਥ ਵਿਚ ਜੋ ਅਣਸੁਲਝੇ ਸਮਾਜਕ-ਸਭਿਆਚਾਰਕ ਤਨਾਓ ਭਾਰੂ ਵਿਚਾਰਧਾਰਾ ਜਾਂ ਭਾਰੂ ਸਮਾਜ-ਸਭਿਆਚਾਰ ਦੀ ਬਣਤਰ ਹੇਠ ਦੱਬੇ ਜਾਂਦੇ ਹਨ ਸਾਹਿਤ ਟੈਕਸ ਉਨ੍ਹਾਂ ਅਵਚੇਤਨ ਵਿਚ ਦੱਬੇ ਪਏ ਤਨਾਓ ਤੇ ਸੰਘਰਸ਼ਾਂ ਨੂੰ ਪੇਸ਼ ਵੀ ਕਰਦਾ ਹੈ ਅਤੇ ਨਾਲ ਹੀ ਉਸਦਾ ਸਾਹਿਤਕ ਹੱਲ ਦੇਣ ਦਾ ਉਪਰਾਲਾ ਵੀ ਕਰਦਾ ਹੈ। ਅਜਿਹਾ ਉਪਰਾਲਾ ਅਗੋਂ ਵੱਡੀ ਪੱਧਰ ’ਤੇ ਸਮਾਜ ਵਿਚ ਸੰਘਰਸ਼ ਕਰ ਰਹੇ ਵਰਗਾਂ ਦੀ ਵਿਚਾਰਧਾਰਕ ਸੁਰ ਦਾ ਸੰਕੇਤ ਵੀ ਬਣ ਜਾਂਦਾ ਹੈ। ਇਸ ਦੀ ਬੁਨਿਆਦ ਵਿਚ ਇਨ੍ਹਾਂ ਸਮਾਜਕ ਵਰਗਾਂ ਦਾ ਰਾਜਨੀਤਕ ਅਵਚੇਤਨ ਕਾਰਜਸ਼ੀਲ ਹੁੰਦਾ ਹੈ ਜੋ ਸਮਾਜਕ-ਸਭਿਆਚਾਰਕ ਇਤਿਹਾਸ ਵਿਚ ਆਪਣੀ ਥਾਂ ਦੀ ਤਲਾਸ਼ ਕਰਨ ਅਤੇ ਨਿਰਧਾਰਿਤ ਕਰਨ ਦਾ ਜਤਨ ਕਰਦੇ ਹਨ।*[11]

ਭਾਰਤੀ/ਪੰਜਾਬੀ ਸਮਾਜ ਵਿਚ ਜਾਤ ਕੇਵਲ ਸਮਾਜਿਕ ਪੱਧਰ ਦੀ ਵਿਭਾਜਕ ਰੇਖਾ ਨਹੀਂ ਸਗੋਂ ਇਹ ਪਿਆਰ, ਵਿਆਹ, ਪਰਿਵਾਰ ਅਤੇ ਮੌਤ ਤੱਕ ਹਰ ਪਹਿਲੂ ’ਤੇ ਆਪਣਾ ਦਬਦਬਾ ਰੱਖਦੀ ਹੈ। ਲਾਲ ਸਿੰਘ ਦਿਲ ਆਪਣੀ ਕਵਿਤਾ ਵਿਚ ਸਮਾਜ ਦੀ ਜਾਤ-ਪ੍ਰਥਾ ਨਾਲ ਜੁੜੀ ਕੜਵਾਹਟ, ਵੰਡ ਅਤੇ ਰੂੜੀਵਾਦ ਨੂੰ ਬਹੁਤ ਸਾਫ਼, ਸਿੱਧੇ ਸੁਹਜਮਈ ਰੂਪ ਵਿਚ ਪ੍ਰਗਟ ਕਰਦਾ ਹੈ।

*ਮੈਨੂੰ ਪਿਆਰ ਕਰਦੀਏ ਪਰ-ਜ਼ਾਤ ਕੁੜੀਏ ਸਾਡੇ ਸੱਕੇ ਮੁਰਦੇ ਵੀ ਇਕ ਥਾਂ ਤੇ ਨਹੀਂ ਜਲਾਉਂਦੇ*[12]

ਇਹ ਸਤਰਾਂ ਸਮਾਜ ਦੀ ਮਨੁੱਖਤਾ ਵਿਰੋਧੀ ਸੱਚਾਈ ਨੂੰ ਕਵਿਤਾ ਦੇ ਰੂਪ ਵਿਚ ਉਜਾਗਰ ਕਰਦੀਆਂ ਹਨ। ਜੀਉਂਦੇ ਮਨੁੱਖਾਂ ਨੂੰ ਤਾਂ ਸਮਾਜ ਵੰਡਦਾ ਹੀ ਹੈ ਪਰ ਮਰੇ ਹੋਏ ਵੀ ਇੱਕ ਨਹੀਂ ਹੋ ਸਕਦੇ- ਇਹ ਵਿਡੰਬਨਾ ਕਵਿਤਾ ਦਾ ਮੂਲ ਸਾਰ ਹੈ। ਜਾਤੀ-ਵੰਡ ਮਨੁੱਖ ਦੇ ਜਨਮ ਤੋਂ ਮੌਤ ਤੱਕ ਉਸ ਦਾ ਪਿੱਛਾ ਨਹੀਂ ਛੱਡਦੀ। ਕਵਿਤਾ ਪਿਆਰ ਦੀ ਜਿੱਤ ਨਹੀਂ ਸਗੋਂ ਜਾਤੀ–ਪ੍ਰਥਾ ਦੀ ਜਿੱਤ ਤੇ ਮਨੁੱਖਤਾ ਦੀ ਹਾਰ ਨੂੰ ਦਰਸਾਉਂਦੀ ਹੈ। ਇਹ ਕਾਰਜ ਰਾਜਸੀ ਅਵਚੇਤਨ ਦੀ ਕਾਰਵਾਈ ਹੈ- ਜਿੱਥੇ ਦਿਲ ਦੀ ਕਵਿਤਾ ਦੱਬੇ ਹੋਏ ਸਮਾਜਕ ਵਰਗਾਂ ਦੇ ਅਣਸੁਣੇ ਇਤਿਹਾਸ, ਦੁੱਖ ਅਤੇ ਚੇਤਨਾ ਨੂੰ ਸਾਹਿਤਕ ਰੂਪ ਦਿੰਦੀ ਹੈ। ਇਸ ਤਰ੍ਹਾਂ, ਉਸ ਦੀ ਭਾਸ਼ਾ ਸਿਰਫ਼ ਕਵਿਤਾ ਦੀ ਰਚਨਾ ਨਹੀਂ ਕਰਦੀ, ਸਗੋਂ ਸਮਾਜਕ ਵਿਦਰੋਹ ਅਤੇ ਸਭਿਆਚਾਰਕ ਮੁਕਤੀ ਦੀ ਚੇਤਨਾ ਨੂੰ ਜਨਮ ਦਿੰਦੀ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਮੁੱਖ ਤੌਰ ’ਤੇ ਦਲਿਤ ਅਤੇ ਮਿਹਨਤਕਸ਼ ਵਰਗ ਦੇ ਹੱਕ ਵਿੱਚ ਖੜ੍ਹਦੀ ਹੈ, ਖ਼ਾਸ ਕਰਕੇ ਖੇਤ ਮਜ਼ਦੂਰਾਂ, ਛੋਟੇ ਕਿਸਾਨਾਂ, ਸ਼ਹਿਰੀ/ਸਨਅਤੀ ਮਜ਼ਦੂਰਾਂ, ਦਸਤਕਾਰਾਂ ਅਤੇ ਛੋਟੇ ਨੌਕਰ-ਕਰਮਚਾਰੀਆਂ ਦੇ। ਉਸ ਦੀ ਰਚਨਾ ਉਹਨਾਂ ਸਾਰੀਆਂ ਸ਼ੋਸ਼ਣਕਾਰੀ ਤਾਕਤਾਂ ਦੇ ਵਿਰੁੱਧ ਹੈ ਜਿਨ੍ਹਾਂ ਵਿੱਚ ਜਗੀਰਦਾਰ, ਸਰਮਾਏਦਾਰ, ਅਫ਼ਸਰਸ਼ਾਹੀ, ਭ੍ਰਿਸ਼ਟ ਰਾਜਨੀਤਕ ਆਗੂ ਸ਼ਾਮਲ ਹਨ। ਉਸ ਦੀ ਕਵਿਤਾ ਜਿੱਥੇ ਇਤਿਹਾਸ ਅਤੇ ਮਿੱਥਿਹਾਸ ਵਿਚਲੇ ਪ੍ਰਸੰਗਾਂ ਨੂੰ ਪੁਨਰ ਪਰਿਭਾਸ਼ਤ ਕਰਦੀ ਹੈ ਉੱਥੇ ਇਨ੍ਹਾਂ ਵਿਚਲੇ ਚਿਹਨਾਂ ਨੂੰ ਜਮਾਤ-ਰਹਿਤ ਸਮਾਜ ਦੀ ਸਿਰਜਣਾ ਲਈ ਸ਼ੋਸ਼ਿਤ ਵਰਗ ਵਿਚ ਕ੍ਰਾਂਤੀ ਲਈ ਜੋਸ਼ ਭਰਦੀ ਹੈ ਅਤੇ ਪੰਜਾਬੀਆਂ ਦੇ ਵਿਦਰੋਹੀ ਖਾਸੇ ਨੂੰ ਜਿਉਂਦਾ ਰੱਖਣ ਦਾ ਯਤਨ ਕਰਦੀ ਹੈ- ਉਦਾਹਰਣ ਵਜੋਂ ‘ਰਾਜੇ ਸ਼ੀਂਹ’ ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਦੇਖੀਆਂ ਜਾ ਸਕਦੀ ਹੈ:

*ਨਾਨਕ ਚੀਨ ਗਿਆ ਇਹ ਦੱਸਣ*
*ਕਿ ਲਾਲੋ ਦਾ ਲਹੂ ਚੂਸਦੇ*
*ਇਹ ਰੱਤ ਪੀਣੇ ਰਾਜੇ*
*ਪਾਲੇ ਜਿਨ੍ਹਾਂ ਮੁਕੱਦਮ ਕੁੱਤੇ*
*ਕਦ ਐਵੇਂ ਹਨ ਜਾਂਦੇ*
*ਬੋਲ ਮਹਾਂ-ਪੁਰਸ਼ਾਂ ਦੇ*
*ਬੇਦਰਦੀ ਸੰਗ ਮਾਰੇ*
*“ਰਾਜੇ ਸ਼ੀਂਹ ਮੁਕੱਦਮ ਕੁੱਤੇ।”*[13]

ਲਾਲ ਸਿੰਘ ਦਿਲ ਅਨੁਸਾਰ ਪੂੰਜੀਵਾਦ ਇੱਕ ਲੁੱਟ ਦੀ ਪ੍ਰਣਾਲੀ ਹੈ, ਜਿਸ ਵਿਚ ਅਮੀਰ-ਸਰਮਾਏਦਾਰ ਵਰਗ ਬਾਹਰੀ ਤਾਕਤਾਂ ਨਾਲ ਮਿਲਕੇ ਮਿਹਨਤਕਸ਼ ਲੋਕਾਂ ਦੀ ਕਮਾਈ ਤੇ ਜੀਵਨ ਦੋਵੇਂ ਖੋਹ ਲੈਂਦਾ ਹੈ। ਉਸ ਦੀ ਕਵਿਤਾ ਇਸ ਸ਼ੋਸ਼ਣ ਦੇ ਵਿਰੁੱਧ ਇੱਕ ਤਾਕਤਵਰ ਆਵਾਜ਼ ਹੈ। ਪੂੰਜੀਵਾਦ ਦੇ ਸੰਬੰਧ ਵਿਚ ਡਾ. ਜਸਵਿੰਦਰ ਸਿੰਘ ਆਪਣੀ ਕਿਤਾਬ ‘ਨਵੀਨ ਪੰਜਾਬੀ ਕਵਿਤਾ ਪਛਾਣ ਚਿੰਨ’ ਵਿਚ ਲਿਖਦੇ ਹਨ,

*"ਪੂੰਜੀਵਾਦੀ ਸਮਾਜ ਵਿਚ ਉਪਜਾਊ ਸ਼ਕਤੀਆਂ, ਉਪਜ ਦੇ ਸਾਧਨ ਤੇ ਇਸਦਾ ਰਾਜ-ਪ੍ਰਬੰਧ ਸਰਮਾਏਦਾਰ ਦੇ ਪੂੰਜੀਪਤੀ ਜਗੀਰਦਾਰ (ਜਿਸ ਨੂੰ ਉਹ ਸਮੁੱਚੇ ਤੌਰ 'ਤੇ ਬੁਰਜੁਆਜ਼ੀ ਕਹਿੰਦਾ ਹੈ) ਦੇ ਹੱਥ ਵਿਚ ਹਨ, ਇਹ ਪੂੰਜੀਪਤੀ ਵਰਗ ਬਾਹਰਲੀਆਂ ਸਾਮਰਾਜੀ ਸ਼ਕਤੀਆਂ ਨਾਲ ਭਿਆਲੀ ਪਾ ਕੇ ਭਾਰਤ ਦੇ ਕਰੋੜਾਂ ਕਿਰਤੀਆਂ ਦਾ ਕਚੂਮਰ ਕੱਢਣ ਲੱਗਿਆ ਹੋਇਆ ਹੈ, ਦੇਸ਼ ਦੇ ਅਸਲੀ ਧਨ, ਕਿਰਤ ਸ਼ਕਤੀ ਨੂੰ ਇਹ ਲੁੱਟਦਾ ਹੀ ਨਹੀਂ, ਸਾਮਰਾਜ ਦੇ ਕੋਲ ਗਹਿਣੇ ਵੀ ਧਰ ਰਿਹਾ ਹੈ।"[14]*

ਇਸ ਸੰਬੰਧ ਵਿਚ 'ਪੰਜਾਬ' ਅਤੇ 'ਬਾਬਲ ਤੇਰੇ ਖੇਤਾਂ ਵਿਚ' ਕਵਿਤਾਵਾਂ ਦੀਆਂ ਹੇਠ ਲਿਖੀਆਂ ਸਤਰਾਂ ਦੇਖੀਆਂ ਜਾ ਸਕਦੀ ਹੈ। ਇਨ੍ਹਾਂ ਸਤਰਾਂ ਵਿਚ ਲਾਲ ਸਿੰਘ ਦਿਲ ਮਿਹਨਤਕਸ਼ ਲੋਕਾਂ ਦੀ ਕਠਿਨ ਜ਼ਿੰਦਗੀ ਅਤੇ ਉਨ੍ਹਾਂ ਦੀ ਵਸਤਵਿਕ ਹਕੀਕਤ ਨੂੰ ਜੀਵੰਤ ਬਣਾ ਦਿੰਦਾ ਹੈ:

*ਮੈਲਾ ਪਰਨਾ*
*ਵਧੀ ਦਾੜ੍ਹੀ*
*ਮੁੜ੍ਹਕੇ ਤੇ ਕੰਡ ਦਾ ਕਾਲਾ ਕੀਤਾ ਝੱਗਾ*
*ਲੱਤਾਂ ਨੰਗੀਆਂ*
*ਪੈਰ ਪਾਟੇ*
*ਕੀ ਬੰਗਾਲ*
*ਕੀ ਕੇਰਲ*
*ਪਸ਼ੂਆਂ ਪਿੱਛੇ ਜਾਂਦੇ ਛੇੜੂ*
*ਧੂੜ ਵਿਚ ਹਰ ਪਾਸੇ ਪੰਜਾਬੀ ਲਗਦੇ ਹਨ।[15]*

*ਬਾਬਲ ਤੇਰੇ ਖੇਤਾਂ ਵਿਚ*
*ਕਦੇ ਕਦੇ ਮੈਂ ਨੱਚ ਉਠਦੀ ਹਾਂ*
*ਹਵਾ ਦੇ ਬੁੱਲ੍ਹੇ ਵਾਂਙ*
*ਐਵੇਂ ਭੁੱਲ ਜਾਂਦੀ ਆਂ*
*ਕਿ ਖੇਤ ਤਾਂ ਸਾਡੇ ਨਹੀਂ*
*ਕੁਝ ਦਿਨ ਰਹਿਣ ਦਾ ਬਹਾਨਾ*
*ਮੁਕੱਦਮੇ ਹਾਰ ਬੈਠੇ ਹਾਂ*
*ਪੈਸੇ ਖੁਣੋਂ*
*ਸਲੀਪਰ ਟੁੱਟ ਚੁੱਕੇ ਹਨ*
*ਭਖੇੜਾ ਉੱਗ ਆਇਆ ਹੈ*
*ਬਾਬਲ ਤੇਰੇ ਖੇਤਾਂ ਵਿਚ*
*ਟਰੈਕਟਰ ਨੱਚਣਗੇ ਕਿਸੇ ਦਿਨ*
*ਬਾਬਲ ਤੇਰੇ ਖੇਤਾਂ ਵਿਚ।[16]*

ਉਪਰੋਕਤ ਸਤਰਾਂ ਪਿੰਡ ਦੇ ਮਜ਼ਦੂਰਾਂ, ਦਲਿਤ ਸਮੂਹਾਂ, ਕਿਸਾਨਾਂ ਅਤੇ ਜ਼ਮੀਨ-ਰਹਿਤ ਲੋਕਾਂ ਦੀ ਜ਼ਿੰਦਗੀ ਨੂੰ ਬਿਆਨ ਕਰਦੀਆਂ ਹਨ। 'ਮੈਲਾ ਪਰਨਾ', 'ਵਧੀ ਦਾੜ੍ਹੀ', 'ਕਾਲਾ ਝੱਗਾ'- ਇਹ ਸਾਰੇ ਚਿਹਨ ਮਜ਼ਦੂਰ ਵਰਗ ਦੀ ਦੈਨਿਕ ਤਕਲੀਫ਼, ਗਰੀਬੀ ਅਤੇ ਕਠਿਨ ਜੀਵਨ ਨੂੰ ਦਰਸਾਉਂਦੇ ਹਨ। ਮਜ਼ਦੂਰੀ ਦੀ ਪਹਿਚਾਣ ਹਰੇਕ ਰਾਜ ਵਿੱਚ ਇਕੋ ਜਿਹੀ ਹੈ। 'ਕੀ ਬੰਗਾਲ ਤੇ ਕੀ ਕੇਰਲ'- ਕਵੀ ਕਹਿੰਦਾ ਹੈ ਕਿ ਮਜ਼ਦੂਰੀ ਦੀ ਪਹਿਚਾਣ ਸਰਹੱਦਾਂ ਤੋਂ ਉੱਪਰ ਹੈ। ਜਿੱਥੇ ਵੀ ਗਰੀਬ ਮਜ਼ਦੂਰ ਹਨ, ਉਹਨਾਂ ਦਾ ਰੂਪ, ਹਾਲਤ, ਪੀੜ੍ਹ ਇਕੋ ਜਿਹੀ ਹੈ। ਇਸ ਤੋਂ ਇਲਾਵਾ ਉਸ ਦੀ ਕਵਿਤਾ ਨਿਮਨ ਕਿਸਾਨ ਦੀ ਪੀੜ 'ਜ਼ਮੀਨ ਖੋਹ ਜਾਣ ਦੀ ਦਾਸਤਾਨ' ਨੂੰ ਸਾਹਮਣੇ ਲਿਆਉਂਦੀ ਹੈ। ਇਹ ਸਮਾਜਕ-ਆਰਥਿਕ ਤਬਦੀਲੀ ਅਤੇ ਜ਼ਮੀਨ-ਵਿਹੂਣਿਆਂ ਦੀ ਦਿਲ-ਦਹਲਾਉਣ ਵਾਲੀ ਕਹਾਣੀ ਹੈ। ਇਹ ਕਵਿਤਾਵਾਂ ਕਿਸੇ ਇਕ ਵਿਅਕਤੀ ਦੀ ਕਹਾਣੀ ਨਹੀਂ ਸਗੋਂ ਇਹ ਸਮੂਹਕ ਪੀੜ੍ਹ ਨੂੰ ਬਿਆਨ ਕਰਦੀਆਂ ਹਨ।

ਲਾਲਾ ਸਿੰਘ ਦਿਲ ਨੇ ਆਪਣੀ ਰਚਨਾ ਵਿਚ ਰਾਸਟਰੀ ਪੱਧਰ 'ਤੇ ਵਾਪਰੀਆਂ ਲੋਕ ਪੱਖੀ ਲਹਿਰਾਂ ਦੇ ਨਾਇਕਾਂ (ਭਗਤ ਸਿੰਘ, ਸੁਖਦੇਵ, ਰਾਜਗੁਰੂ) ਨੂੰ ਸਮਾਜਕ ਸੰਘਰਸ਼ ਲਈ ਇਨਕਲਾਬ ਦੇ ਪ੍ਰੇਰਨਾ ਸਰੋਤ ਵਜੋਂ ਸਿਰਫ਼ ਵਰਤਿਆ ਹੀ ਨਹੀਂ ਸਗੋਂ ਇਨ੍ਹਾਂ ਕਵੀਆਂ ਨੇ ਆਪਣੇ ਵਿਰਸੇ ਦੇ ਜੁਝਾਰੂ ਨਾਇਕਾਂ ਨੂੰ ਆਪਣੀ ਕਵਿਤਾ ਵਿਚ ਨਵੇਂ ਸੰਦਰਭਾਂ ਵਿਚ ਵੀ ਪੇਸ਼ ਕੀਤਾ ਹੈ:

*ਸ਼ਹੀਦਾਂ ਤੇਰੇ ਲਹੂ ਵਰਗਾ*
*ਦਿਹੁੰ ਚੜ੍ਹਿਆ*
*ਇੱਕ 'ਚ ਅਨ੍ਹੇਰਿਆਂ ਨੇ ਅਪਣੇ*
*ਇਕ ਕਿੱਲ ਹੋਰ ਜੜਿਆ*
*ਦਿਹੁੰ ਚੜ੍ਹਿਆ...*
*... ... .... ..... .....*
*'ਮੌਤ ਇਕ ਆਮ ਜਿਹੀ ਗੱਲ ਹੈ'*
*ਅਸਾਂ ਨੇ ਸਬਕ ਪੜ੍ਹਿਆ*
*ਦਿਹੁੰ ਚੜ੍ਹਿਆ [17]*

'ਸ਼ਹੀਦਾਂ ਦਾ ਖ਼ੂਨ' ਸਿਰਫ਼ ਇਤਿਹਾਸਕ ਘਟਨਾ ਨਹੀਂ, ਬਲਕਿ ਇੱਕ ਨਵਾਂ ਦਿਨ, ਇੱਕ ਨਵੀਂ ਰੋਸ਼ਨੀ, ਇੱਕ ਨਵੀਂ ਲਹਿਰ ਬਣ ਕੇ ਉੱਗਦਾ ਹੈ। ਇਹਨਾਂ ਸਤਰਾਂ ਦਾ ਸੰਬੰਧ ਸਿਰਫ਼ ਸੂਰਜ ਦੇ ਚੜ੍ਹਨ ਨਾਲ ਨਹੀਂ, ਬਲਕਿ ਇਨਕਲਾਬ ਵੱਲ ਸੰਕੇਤ ਹੈ। ਉਹ ਮੌਤ ਦਾ ਰੋਮਾਂਟੀਕਰਨ ਨਹੀਂ ਕਰਦਾ ਸਗੋਂ ਇਹ ਸੰਕੇਤ ਦਿੰਦਾ ਹੈ ਕਿ ਅਨਿਆਂ ਦੇ ਵਿਰੁੱਧ ਜੰਗ ਇਕੋ ਦਿਨ ਦੀ ਲੜਾਈ ਨਹੀਂ- ਇਹ ਸਦੀ-ਦਰ-ਸਦੀ ਚੱਲਣ ਵਾਲਾ ਸੰਘਰਸ਼ ਹੈ। ਇਹ ਕਵਿਤਾ ਸਮਾਜਕ ਚੇਤਨਾ, ਵਿਰੋਧ, ਜੁਝਾਰੂ ਰਵੱਈਏ ਅਤੇ ਇਨਕਲਾਬੀ ਜਜ਼ਬੇ ਦੀ ਪ੍ਰਤੀਕ ਹੈ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਰਾਜਸੀ ਅਵਚੇਤਨ ਉਹ ਅਦ੍ਰਿਸ਼ ਸ਼ਕਤੀ ਹੈ ਜੋ ਕਵੀ ਜਾਂ ਰਚਨਾਕਾਰ ਦੇ ਅੰਦਰਲੇ ਇਤਿਹਾਸਕ, ਸਮਾਜਕ ਅਤੇ ਜਮਾਤੀ ਅਨੁਭਵਾਂ ਨੂੰ ਉਸ ਦੀ ਰਚਨਾ ਵਿਚ ਪ੍ਰਗਟ ਕਰਦੀ ਹੈ। ਕਵਿਤਾ ਦਾ ਸਿਰਜਣ ਸਿਰਫ਼ ਜਜ਼ਬਾਤੀ ਪ੍ਰਕਿਰਿਆ ਨਹੀਂ ਸਗੋਂ ਸਮਾਜਕ ਚੇਤਨਾ ਅਤੇ ਇਤਿਹਾਸਕ ਯਥਾਰਥ ਦਾ ਰਚਨਾਤਮਕ ਪ੍ਰਤੀਬਿੰਬ ਹੁੰਦਾ ਹੈ। ਲਾਲ ਸਿੰਘ ਦਿਲ ਦੀ ਕਵਿਤਾ ਵਿਚ ਰਾਜਸੀ ਅਵਚੇਤਨ ਉਸ ਸਮਾਜਕ ਤੇ ਇਤਿਹਾਸਕ ਸੱਚ ਦਾ ਪ੍ਰਤੀਬਿੰਬ ਹੈ ਜੋ ਵਰਣ ਪ੍ਰਥਾ ਅਤੇ ਪੂੰਜੀਵਾਦੀ ਵਿਵਸਥਾ ਦੋਵੇਂ ਦਾ ਵਿਰੋਧ ਕਰਦਾ ਹੈ। ਉਸ ਦੀ ਕਵਿਤਾ ਪੀੜਤ ਵਰਗ ਦੀ ਆਵਾਜ਼ ਹੈ- ਇੱਕ ਐਸੀ ਆਵਾਜ਼ ਜੋ ਅਵਚੇਤਨ ਪੱਧਰ 'ਤੇ ਸਦੀਆਂ ਦੀਆਂ ਜ਼ੁਲਮ ਭਰੀਆਂ ਯਾਦਾਂ ਅਤੇ ਆਜ਼ਾਦੀ ਦੀ ਖੋਜ ਨੂੰ ਸਾਂਝਾ ਕਰਦੀ ਹੈ। ਕਵਿਤਾ ਉਹ ਰਚਨਾਤਮਕ ਪ੍ਰਕਿਰਿਆ ਹੈ ਜੋ ਕਵੀ ਦੇ ਸਮਾਜਕ ਅਨੁਭਵਾਂ ਅਤੇ ਸੰਘਰਸ਼ਾਂ ਵਿਚੋਂ ਜੰਮਦੀ ਹੈ ਅਤੇ ਸਮਾਜਕ ਸੱਚਾਈ ਨੂੰ ਮੌਲਿਕ ਤੇ ਕਲਾਤਮਕ ਭਾਸ਼ਾ

ਵਿਚ ਪ੍ਰਗਟ ਕਰਦੀ ਹੈ। ਦਿਲ ਦੀ ਰਚਨਾ ਵਿਚ ਰਾਜਸੀ ਅਵਚੇਤਨ ਭੁੱਖ, ਬੇਘਰੇਪਨ ਅਤੇ ਸਮਾਜਕ ਅਨਿਆਇ ਦੇ ਖ਼ਿਲਾਫ਼ ਇੱਕ ਗਹਿਰੇ ਵਿਰੋਧ ਵਜੋਂ ਉੱਭਰਦਾ ਹੈ। ਉਸ ਦੀ ਕਵਿਤਾ ਵਰਣ ਪ੍ਰਥਾ ਅਤੇ ਪੂੰਜੀਵਾਦੀ ਵਿਵਸਥਾ ਦੋਵਾਂ ਦੇ ਖ਼ਿਲਾਫ਼ ਤਾਕਤਵਰ ਆਵਾਜ਼ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਉਸ ਦੀ ਕਵਿਤਾ ਇੱਕ ਅਜਿਹੇ ਰਾਜਸੀ ਅਵਚੇਤਨ ਦੀ ਅਭਿਵਿਅਕਤੀ ਹੈ ਜੋ ਦਲਿਤ ਤੇ ਕਿਰਤੀ ਵਰਗ ਦੀ ਆਤਮਿਕ ਪੀੜ੍ਹਾ, ਇਤਿਹਾਸਕ ਦਮਨ ਤੇ ਬਗਾਵਤੀ ਚੇਤਨਾ ਨੂੰ ਇੱਕ ਰਚਨਾਤਮਕ ਕਲਾ ਵਿਚ ਪਿਰੋਂਦੀ ਹੈ। ਉਹ ਸਿਰਫ਼ ਸ਼ਿਕਾਇਤ ਨਹੀਂ ਕਰਦਾ, ਸਗੋਂ ਵਿਵਸਥਾ-ਵਿਰੋਧੀ ਚੇਤਨਾ ਨੂੰ ਕਵਿਤਾ ਦੇ ਜ਼ਰੀਏ ਸਮਾਜਕ ਸੱਚਾਈ ਵਜੋਂ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਦਿਲ ਦੀ ਕਵਿਤਾ ਜੇਮਸਨ ਦੇ ਸੰਕਲਪ ਨੂੰ ਪੰਜਾਬੀ ਕਾਵਿ-ਚੇਤਨਾ ਵਿਚ ਸਾਰਥਕ ਢੰਗ ਨਾਲ ਰੂਪਾਂਤਰਿਤ ਕਰਦੀ ਹੈ- ਇੱਕ ਅਜਿਹੇ ਕਵੀ ਦੇ ਰੂਪ ਵਿਚ ਜੋ ਦਬੇ ਹੋਏ ਵਰਗ ਦੀ ਅਵਾਜ਼ ਵੀ ਹੈ ਤੇ ਉਸ ਦਾ ਇਤਿਹਾਸਕ ਸੰਵੇਦਨ ਵੀ। ਉਸ ਦੀ ਕਵਿਤਾ ਵਿਚ ਰਾਜਸੀ ਅਵਚੇਤਨ ਦਲਿਤ ਤੇ ਮਜ਼ਦੂਰ ਵਰਗ ਦੀ ਆਵਾਜ਼ ਬਣ ਕੇ ਸਾਹਮਣੇ ਆਉਂਦੀ ਹੈ। ਉਹ ਸਿਰਫ਼ ਸਮਾਜਕ ਸੱਚਾਈ ਨੂੰ ਉਜਾਗਰ ਨਹੀਂ ਕਰਦਾ ਸਗੋਂ ਉਸ ਦੇ ਬਦਲਾਅ ਦੀ ਭਾਵਨਾ ਨੂੰ ਵੀ ਜਗਾਉਂਦਾ ਹੈ। ਉਸ ਦੀ ਕਵਿਤਾ ਵਿਚ ਮਨੁੱਖਤਾ ਲਈ ਪੀੜ੍ਹਾਂ, ਸੰਗਰਾਮ ਅਤੇ ਨਵੀਂ ਸੰਭਾਵਨਾ ਦਾ ਬੀਜ ਮੌਜੂਦ ਹੈ।

## ਹਵਾਲੇ ਅਤੇ ਟਿੱਪਣੀਆਂ


1. *ਤਸਕੀਨ, ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ, "ਕਵਿਤਾ ਦੀ ਰਾਜਨੀਤੀ : ਬਲਬੀਰ ਮਾਧੋਪੁਰੀ", ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2007, ਪੰਨਾ: 135*
2. *Quoted by- Fredric Jameson, The Political Unconscious : Narrative as a socially Symbolic Act, Methuen, London, 1981, page no. 4*
3. *ਲਾਲ ਸਿੰਘ ਦਿਲ, ਦਾਸਤਾਨ (ਸਵੈ-ਜੀਵਨੀ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2020, 'ਭੂਮਿਕਾ'', ਪੰਨਾ: 5*
4. *ਡਾ. ਗੁਰਇਕਬਾਲ ਸਿੰਘ, ਨਕਸਲੀ ਪੰਜਾਬੀ ਕਵਿਤਾ (ਆਲੋਚਨਾਤਮਕ ਅਧਿਐਨ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਅਪ੍ਰੈਲ, 1999, ਪੰਨਾ: 98*
5. *ਲਾਲ ਸਿੰਘ ਦਿਲ, ਨਾਗਲੋਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਚੌਥੀ ਵਾਰ, 2020, ਪੰਨਾ: 39-40*
6. *-ਉਹੀ-, ਪੰਨਾ: 15*
7. *-ਉਹੀ-, ਪੰਨਾ: 15*
8. *ਡਾ. ਸਰਬਜੀਤ ਸਿੰਘ, ਪੰਜਾਬੀ ਕਵਿਤਾ : ਪ੍ਰਸੰਗ ਤੇ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2014, ਪੰਨਾ: 92*
9. *ਡਾ. ਸੁਖਦੇਵ ਸਿੰਘ, ਕਾਵਿ ਸਰੋਕਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ: 111*
10. *ਲਾਲ ਸਿੰਘ ਦਿਲ, ਨਾਗਲੋਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਚੌਥੀ ਵਾਰ, 2020, ਪੰਨਾ: 62*
11. *ਡਾ. ਰਵਿੰਦਰ ਸਿੰਘ, ਸਮਕਾਲੀ ਪੰਜਾਬੀ ਨਾਟਕ : ਰਾਜਨੀਤਕ ਅਵਚੇਤਨ, ਪਰਖ , ਸਾਲ :2012, VOl : I & II, ਪੰਨਾ: 151*
12. *ਲਾਲ ਸਿੰਘ ਦਿਲ, ਨਾਗਲੋਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਚੌਥੀ ਵਾਰ, 2020, ਪੰਨਾ: 64*
13. *-ਉਹੀ-, ਪੰਨਾ: 64*
14. *ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ : ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਦੂਜੀ ਵਾਰ, 2009, ਪੰਨਾ: 161*
15. *ਲਾਲ ਸਿੰਘ ਦਿਲ, ਨਾਗਲੋਕ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਚੌਥੀ ਵਾਰ, 2020, ਪੰਨਾ: 103*
16. *-ਉਹੀ-, ਪੰਨਾ: 122*
17. *-ਉਹੀ-, ਪੰਨਾ: 118*



## *Cite this Article-*

*ਡਾ. ਗੁਰਦੀਪ ਸਿੰਘ (Dr. Gurdeep Singh), ਰਾਜਸੀ ਅਵਚੇਤਨ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਦਾ ਸਿਰਜਣਾਤਮਕ ਪਰਿਪੇਖ (Rajsi Avchetan Ate Lal Singh Dil Di Kavita Da Sirjnatmak Pripekh), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 65-70.*

*Journal URL:* www.armaan.org.in

*DOI:* https://doi.org/10.64119/armaan.vol.3.issue4.13



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/